# ਸਨੇਹ ਸ਼ਿਵਰ

## ਜਾਣਕਾਰੀ

- ਸਨੇਹ ਸ਼ਿਵਰ ਵਿਸ਼ੇਸ਼ ਤੌਰ ਤੇ ਕੁਪੋਸ਼ਿਤ ਅਤੇ ਘੱਟ ਵਾਧੇ ਵਾਲੇ ਬੱਚਿਆਂ (ਜਿਵੇਂ 5 ਸਾਲ ਤੋਂ ਘੱਟ ਉਮਰ ਦੇ ਘੱਟ ਵਜ਼ਨ ਵਾਲੇ ਆਮ ਅਤੇ ਗੰਭੀਰ ਤਰੀਕੇ ਨਾਲ ਪ੍ਰਭਾਵਿਤ ਬੱਚੇ) ਦੀ ਦੇਖਭਾਲ ਲਈ ਨਿਯੋਜਿਤ ਗਤੀਵਿਧੀ ਹੈ।
- ਇਸ ਵਿੱਚ 200 ਜ਼ਿਆਦਾ ਕੁਪੋਸ਼ਿਤ ਬੱਚਿਆਂ ਵਾਲੇ ਜ਼ਿਲਿਆਂ ਨੂੰ ਸਹੀ ਕਰਨ ਦਾ ਟੀਚਾ ਰੱਖਿਆ ਗਿਆ ਹੈ।
- ਮੁੱਖ ਗਤੀਵਿਧੀਆਂ ਵਿੱਚ ਸ਼ਾਮਿਲ ਹੈः
  - ਗੰਭੀਰਤਾ ਨਾਲ ਸਲਾਹ ਮਸ਼ਵਰਾ;
  - ਮਾਤਾਵਾਂ/ਦੇਖਭਾਲ ਕਰਤਾਵਾਂ ਦੀ ਉੱਥੇ ਹੀ ਸਿਖਲਾਈ;
  - ਨਿਗਰਾਨੀ ਹੇਠ ਸਤਨਪਾਨ ਕਰਵਾਉਣਾ।
- ਇਹ ਗਤੀਵਿਧੀ ਨਿਸ਼ਚਿਤ ਸਮੇਂ ਲਈ, ਨਤੀਜਾ ਆਧਾਰਿਤ ਅਤੇ ਮਾਪਣਯੋਗ ਪ੍ਰਭਾਵ ਸਹਿਤ ਪਰਿਣਾਮ ਪ੍ਰਾਪਤ ਕਰਨ ਲਈ ਹੈ।
- ਇਸ ਨੂੰ 20% ਤੋਂ ਵੱਧ ਕੁਪੋਸ਼ਣ ਵਾਲੇ ਬਲਾਕਾਂ/ਸੈਕਟਰਾਂ/ਕਲੱਸਟਰਾਂ ਵਿੱਚ ਪਹਿਲ ਦੇ ਆਧਾਰ ਤੇ ਲਾਗੂ ਕੀਤਾ ਜਾਵੇਗਾ।
- ਇਸਨੂੰ 3-4 ਆਂਗਨਵਾੜੀ ਕੇਂਦਰਾਂ ਦੇ ਸਮੂਹ ਵਿੱਚ ਲਾਗੂ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਹਰੇਕ ਆਂਗਨਵਾੜੀ ਕੇਂਦਰ ਤੇ।
- ਸ਼ਿਵਰ ਨੂੰ ਚਲਾਉਣ ਲਈ 200 ਐਚ.ਬੀ.ਡੀ. ਵਿੱਚ 200 ਹੋਰ ਆਂਗਨਵਾੜੀ ਵਰਕਰ ਲਗਾਏ ਜਾਣਗੇ।




## ਸਨੇਹ ਸ਼ਿਵਰ ਲਈ ਜਰੂਰੀ ਚੀਜ਼ਾਂ

- ਨਵਜਾਤ ਬੱਚਿਆਂ ਅਤੇ ਹੋਰ ਬੱਚਿਆਂ ਲਈ ਭਾਰ ਤੋਲਣ ਵਾਲੀਆਂ ਮਸ਼ੀਨਾਂ।
- ਸਮਾਜ ਵਿੱਚ ਵਿਚਰਣ ਲਈ ਯੰਤਰ-ਸਮੁਦਾਇਕ ਵਾਧਾ ਚਾਰਟ, ਮਾਂ ਅਤੇ ਬਾਲ ਸੁਰੱਖਿਆ ਕਾਰਡ ਆਦਿ।
- ਲੋੜ ਅਨੁਸਾਰ ਚਾਰਟ ਪੇਪਰ, ਮਾਰਕਰ, ਵਾਧਾ ਚਾਰਟ ਆਦਿ।
- ਭਾਰ ਵਿੱਚ ਵਾਧਾ, ਰੈਫ਼ਰਲ, ਹਾਜ਼ਿਰੀ ਆਦਿ ਦਾ ਰਿਕਾਰਡ ਰੱਖਣ ਲਈ ਐਨ.ਸੀ.ਸੀ.ਐਸ. ਰਜਿਸਟਰ।
- ਭੋਜਨ ਪਕਾਉਣ ਲਈ ਬਰਤਨ ਅਤੇ ਫੀਡਿੰਗ ਲਈ ਕੌਲੀਆਂ ਚਮਚ (ਜੇ ਉਪਲਬਧ ਨਾ ਹੋਣ, ਤਾਂ ਇਹਨਾਂ ਨੂੰ ਦੇਖਭਾਲ ਕਰਤਾਵਾਂ ਦੇ ਘਰਾਂ ਤੋਂ ਵੀ ਲਿਆ ਜਾ ਸਕਦਾ ਹੈ)।
- ਪਾਣੀ ਭਰਨ ਦੀ ਸੁਵਿਧਾ ਅਤੇ ਸਾਫ਼ ਅਤੇ ਸੁਰੱਖਿਅਤ ਪਾਣੀ ਦਾ ਪ੍ਰਬੰਧ।
- ਨਹੁੰ ਕੱਟਣੀ।
- ਸਾਬੁਣ ਅਤੇ ਤੌਲੀਆ।
- ਦਵਾਈਆਂ ਦੀ ਕਿੱਟ।
- ਡਿਸਪਲੇ ਬੋਰਡ, ਸਕੋਰ ਬੋਰਡ ਅਤੇ ਹੋਰ ਆਈ.ਈ.ਸੀ. ਸਮੱਗਰੀ।

## ਪੋਸ਼ਣ ਲਈ ਸਲਾਹ ਅਤੇ ਬਾਲ ਸੰਭਾਲ ਸੈਸ਼ਨ (ਐਨ.ਸੀ.ਸੀ.ਐਸ.)



- ਐਨ.ਸੀ.ਸੀ.ਐਸ. 12 ਦਿਨਾਂ ਦਾ ਇੱਕ ਪੁਨਰਸਥਾਪਨ ਪ੍ਰੋਗਰਾਮ ਹੈ।
- ਇਸਨੂੰ ਕੁਪੋਸ਼ਿਤ ਬੱਚਿਆਂ ਦੀਆਂ ਚੋਣਵੀਆਂ ਮਾਵਾਂ ਨਾਲ ਆਯੋਜਿਤ ਕੀਤਾ ਜਾਵੇਗਾ।
- ਐਨ.ਸੀ.ਸੀ.ਐਸ. ਦੇ ਤਹਿਤ ਗਤੀਵਿਧੀਆਂ ਅਤੇ ਸੇਵਾਵਾਂ ਦਾ ਕ੍ਰਮ ਹੋਵੇਗਾ:
  - ਭਾਰ ਰਿਕਾਰਡ ਕਰਨਾ (ਪ੍ਰਵੇਸ਼ ਸਮੇਂ ਭਾਰ ਅਤੇ ਨਿਕਾਸ ਸਮੇਂ ਭਾਰ)।
  - ਕੀਟਨਾਸ਼ਨ ਅਤੇ ਆਇਰਨ ਫਾਲਿਕ ਏਸਿਡ ਅਨੁਪੂਰਕ ਦਾ ਪ੍ਰਬੰਧਨ।
  - ਉਸੇ ਜਗਾ ਤੇ ਗਰਮ ਪਕਾਇਆ ਖਾਣਾ **(300-400 ਕਿਲੋ-ਕੈਲਰੀ ਅਤੇ 10 ਗ੍ਰਾਮ ਪ੍ਰੋਟੀਨ )** ਦੇਣਾ।
  - ਸਹੀ ਫੀਡਿੰਗ, ਸਫਾਈ ਅਤੇ ਸਿਹਤ ਅਤੇ ਮਨੋਸਮਾਜਿਕ ਕਿਰਿਆਵਾਂ, ਸਕਾਰਾਤਮਕ ਅਸਧਾਰਨ ਮਾਤਾਵਾਂ ਦੁਆਰਾ ਸਕਾਰਾਤਮਕ ਕਿਰਿਆਵਾਂ ਸਾਂਝੀਆਂ ਕਰਨ ਲਈ ਉਹਨਾਂ ਨੂੰ ਇਹਨਾਂ ਦਾ ਅਭਿਆਸ ਕਰਵਾ ਕੇ ਸਿਖਾਉਣ ਵਾਲੇ ਫੀਡਿੰਗ ਸੈਸ਼ਨ।
  - ਦੇਖਭਾਲ ਕਿਰਿਆਵਾਂ ਤੇ ਸਲਾਹ।
  - ਕੇਸ ਪ੍ਰਬੰਧ ਅਤੇ ਉਚਿਤ ਭਾਰ ਵਾਧੇ ਦਾ ਮੁਲਾਂਕਣ।
  - ਮੈਡੀਕਲ ਸਹਾਇਤਾ ਅਤੇ ਰੈਫ਼ਰਲ।
    - ਰੁਟੀਨ ਸੇਵਾਵਾਂ - ਟੀਕਾਕਰਨ, ਵਿਟਾਮਿਨ ਏ, ਆਇਰਨ ਫਾਲਿਕ ਏਸਿਡ ਅਨੁਪੂਰਕ ।
    - ਏ.ਐਨ.ਐਮ./ਮੈਡੀਕਲ ਅਫ਼ਸਰ ਦੁਆਰਾ ਸਿਹਤ ਜਾਂਚਾਂ ਅਤੇ ਕੋਈ ਉਚਿਤ ਉਪਚਾਰ।
    - ਏ.ਐਨ.ਐਮ./ਆਸ਼ਾ/ਮੈਡੀਕਲ ਅਫ਼ਸਰ ਦੁਆਰਾ ਮੈਡੀਕਲ ਜਟਿਲਤਾਵਾਂ ਲਈ ਰੈਫ਼ਰਲ ਸੇਵਾ।
  - 18 ਦਿਨਾਂ ਦੀ ਘਰੇਲੂ ਦੇਖਭਾਲ ਵਿੱਚ ਜਾਂਚ ਕਾਰਵਾਈ।
  - **6-9 ਸੈਸ਼ਨਾਂ (ਮਹੀਨਿਆਂ) ਬਾਅਦ,** ਇੱਕ ਪਿੰਡ ਵਿੱਚ ਇਹ ਯਕੀਨੀ ਬਣਾਉਣ ਲਈ ਸਾਲ ਵਿੱਚ ਹਰ ਤਿੰਨ ਮਹੀਨੇ ਬਾਅਦ ਐਨ.ਸੀ.ਸੀ.ਐਸ. ਸੈਸ਼ਨ ਲਗਾ ਸਕਦਾ ਹੈ ਕਿ ਕੋਈ ਵੀ ਬੱਚਾ ਐਸ.ਯੂ.ਡਬਲਯੂ. (ਬਹੁਤ ਕੁਪੋਸ਼ਿਤ) ਵਿੱਚ ਨਾ ਰਹੇ ਅਤੇ ਉਥੇ ਨਵੇਂ ਪ੍ਰਵੇਸ਼ਕਰਤਾ ਵੀ ਨਾ ਹੋਣ।

### ਆਂਗਨਵਾੜੀ ਵਰਕਰ ਦੀ ਭੂਮਿਕਾ

- ਗੰਭੀਰ ਤਰੀਕੇ ਨਾਲ ਘੱਟ ਵਜ਼ਨ ਵਾਲੇ ਔਸਤ ਬੱਚਿਆਂ ਦੀ ਪਹਿਚਾਣ ਕਰਨਾ।
- ਸੀ.ਡੀ.ਪੀ.ਓ. ਨੂੰ ਸੂਚਿਤ ਕਰਨਾ ਅਤੇ ਇਹਨਾਂ ਘੱਟ ਵਜ਼ਨ ਵਾਲੇ ਬੱਚਿਆਂ ਦੀ ਸੂਚੀ ਤਿਆਰ ਕਰਨਾ।
- ਬੱਚਿਆਂ ਦਾ ਭਾਰ ਤੋਲਣ ਵਿੱਚ ਸੀ.ਡੀ.ਪੀ.ਓ. ਦੀ ਮਦਦ ਕਰਨਾ।
- ਪੋਸ਼ਣ ਸੰਬੰਧੀ ਸਲਾਹ ਸਭਾ ਅਤੇ ਬਾਲ ਦੇਖਭਾਲ ਸੈਸ਼ਨ (ਜਾਂ ਸਨੇਹ ਸ਼ਿਵਰ ਕੈਂਪ) ਆਯੋਜਿਤ ਕਰਨਾ।
- ਬੱਚਿਆਂ ਨਾਲ ਆਏ ਦੇਖਭਾਲ ਕਰਤਾਵਾਂ ਦਾ ਸੁਆਗਤ ਕਰਨਾ ਅਤੇ ਹਾਜ਼ਰੀ ਲਗਾਉਣਾ।
- ਇਹ ਯਕੀਨੀ ਬਣਾਉਣਾ ਕਿ ਭੋਜਨ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਦੇਖਭਾਲ ਕਰਤਾ ਬੱਚਿਆਂ ਦੇ ਹੱਥ ਧੋਣ।
- ਬੱਚਿਆਂ ਨੂੰ ਦੁੱਧ ਪਿਲਾਉਣ/ਭੋਜਨ ਖੁਆਉਣ ਵਿੱਚ ਮਾਤਾਵਾਂ ਅਤੇ ਦੇਖਭਾਲ ਕਰਤਾਵਾਂ ਦੀ ਮਦਦ ਕਰਨਾ।
- ਸਹਾਇਕ ਨਰਸ/ਮੈਡੀਕਲ ਅਫ਼ਸਰਾਂ ਨੂੰ ਗੰਭੀਰ ਤੌਰ ਤੇ ਘੱਟ ਵਜ਼ਨ ਵਾਲੀਆਂ ਮੈਡੀਕਲ ਸਥਿਤੀਆਂ ਨਾਲ ਪ੍ਰਭਾਵਿਤ ਬੱਚਿਆਂ ਦਾ ਸੰਦਰਭ ਦੇਣਾ।
- ਸਿਹਤ ਅਤੇ ਪੋਸ਼ਣ ਦੇ ਸੈਸ਼ਨ ਲਈ ਦਿਨ ਦੇ ਵਿਸ਼ੇ ਤੇ ਚਰਚਾ ਕਰਨਾ।
- ਮਾਤਾਵਾਂ ਦੀ ਪਹਿਚਾਣ ਕਰਨਾ ਅਤੇ ਸਿਹਤਮੰਦ ਬੱਚਿਆਂ ਦੀਆਂ ਮਾਤਾਵਾਂ ਨੂੰ ਉਹਨਾਂ ਦੇ ਅਨੁਭਵ ਦੱਸਣ ਲਈ ਸ਼ਾਮਿਲ ਕਰਨਾ।
- ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਦੀਆਂ ਮਾਤਾਵਾਂ ਨਾਲ ਫਿਰ ਤੋਂ ਮਿਲਣਾ ਅਤੇ ਉਹਨਾਂ ਦੇ ਘਰ ਮੁਲਾਕਾਤਾਂ ਕਰਨਾ।
- ਸ਼ਿਵਰਾਂ (ਕੈਂਪਾਂ) ਦੀਆਂ ਰਿਪੋਰਟਾਂ ਤਿਆਰ ਕਰਨਾ।